ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਲਈ ਕਾਨੂੰਨੀ ਜਾਣਕਾਰੀ

Legal Information for Battered Women

# ਨਿਗਰਾਨੀ ਅਤੇ ਪਹੁੰਚ (ਕਸਟੱਡੀ ਅਤੇ ਐਕਸੱਸ)

3. Custody and Access

## ਇਹ ਕਿਹਦੇ ਲਈ ਹੈ

ਇਹ ਜਾਣਕਾਰੀ ਪੇਪਰ ਤੁਹਾਡੇ ਵਾਸਤੇ ਹੈ ਜੇ ਤੁਸੀਂ

- ਤੁਸੀਂ ਇਕ ਮਾਂ ਹੋ, ਅਤੇ
- ਤੁਹਾਡੇ ਪਤੀ ਜਾਂ ਤੁਹਾਡੇ ਸਾਥੀ (ਪਾਰਟਨਰ) ਨੇ ਤੁਹਾਨੂੰ ਕੁੱਟਿਆ ਮਾਰਿਆ ਹੈ ਜਾਂ ਧਮਕੀ ਦਿੱਤੀ ਹੈ ਅਤੇ ਉਹ ਤੁਹਾਡੇ ਬੱਚਿਆਂ ਦਾ ਕਾਨੂੰਨੀ ਮਾਪਾ (ਮਾਂ ਜਾਂ ਪਿਤਾ) ਹੈ, ਅਤੇ
- ਤੁਸੀਂ ਇਹ ਰਿਸ਼ਤਾ ਛੱਡ ਦਿੱਤਾ ਹੈ ਜਾਂ ਛੱਡਣ ਬਾਰੇ ਸੋਚ ਰਹੇ ਹੋ।

## ਕਾਨੂੰਨੀ ਸ਼ਬਦਾਂ ਦਾ ਕੀ ਅਰਥ ਹੈ

- ਨਿਗਰਾਨੀ ਜਾਂ ਕਸਟੱਡੀ ਇਕ ਮਾਪੇ ਦਾ ਬੱਚੇ ਨਾਲ ਰਹਿਣ ਦਾ ਅਤੇ ਉਸਦੀ ਦੇਖਭਾਲ ਕਰਨ ਦਾ ਹੱਕ ਹੁੰਦਾ ਹੈ।
- ਪਹੁੰਚ ਜਾਂ ਐਕਸੈੱਸ ਦੂਜੇ ਮਾਪੇ ਦਾ ਬੱਚੇ ਨੂੰ ਮਿਲਣ ਦਾ ਹੱਕ ਹੁੰਦਾ ਹੈ। ਇਹ ਬੱਚੇ ਦਾ ਵੀ ਦੂਜੇ ਮਾਪੇ ਨੂੰ ਮਿਲਣ ਜਾਂ ਦੇਖਣ ਦਾ ਹੱਕ ਹੁੰਦਾ ਹੈ।
- ਸਰਪਰਸਤੀ ਜਾਂ ਗਾਰਡੀਅਨਸ਼ਿੱਪ ਮਾਪੇ ਦਾ ਹੱਕ ਹੁੰਦਾ ਹੈ ਕਿ ਉਹ ਆਪਣੇ ਬੱਚੇ ਦੀ ਪਰਵਰਸ਼ ਸੰਬੰਧੀ ਆਪ ਫੈਸਲਾ ਕਰ ਸਕੇ, ਜਿਸ ਵਿੱਚ ਵਿਦਿਆ, ਸਿਹਤ ਸੰਭਾਲ, ਕਿਸੇ ਹੋਰ ਮੁਲਕ ਵਿਚ ਰਹਿਣਾ, ਅਤੇ ਬੱਚੇ ਦੀ ਜਾਇਦਾਦ ਬਾਰੇ ਫੈਸਲੇ ਕਰਨ ਦੇ ਹੱਕ ਸ਼ਾਮਲ ਹੁੰਦੇ ਹਨ।

## ਤੁਸੀਂ ਆਪਣੇ ਬੱਚੇ ਆਪਣੇ ਨਾਲ ਰੱਖਣ ਵਾਸਤੇ ਕੀ ਕਰ ਸਕਦੇ ਹੋ

- ਜੇ ਤੁਸੀਂ ਆਪਣੇ ਸਾਥੀ ਵਲੋਂ ਦੁਰਵਿਹਾਰ ਕਾਰਨ ਉਸਨੂੰ ਛੱਡ ਜਾਵੋ ਤਾਂ ਤੁਹਾਨੂੰ ਆਪਣੇ ਬੱਚੇ ਨਾਲ ਲੈ ਜਾਣ ਦਾ ਹੱਕ ਹੈ। ਜੇ ਬੱਚੇ ਪਹਿਲਾਂ ਹੀ ਤੁਹਾਡੇ ਨਾਲ ਹੋਣ ਤਾਂ ਬੱਚਿਆਂ ਦੀ ਕਾਨੂੰਨੀ ਨਿਗਰਾਨੀ (ਕਸਟੱਡੀ) ਹਾਸਿਲ ਕਰਨ ਦੇ ਤੁਹਾਡੇ ਮੌਕੇ ਵੱਧ ਜਾਂਦੇ ਹਨ।
- ਉਸੇ ਵੇਲੇ ਕਚਹਿਰੀ ਜਾ ਕੇ ਬੱਚਿਆਂ ਦੀ ਨਿਗਰਾਨੀ ਦੇ ਹੁਕਮ ਦੀ ਮੰਗ ਕਰੋ ਭਾਵੇਂ ਬੱਚੇ ਤੁਹਾਡੇ ਨਾਲ ਹੋਣ ਜਾਂ ਨਾ। ਇਸ ਕੰਮ ਵਾਸਤੇ ਤੁਹਾਨੂੰ ਵਕੀਲ ਦੀ ਜ਼ਰੂਰਤ ਹੈ। (ਸਫਾ 2 'ਤੇ ਦੇਖੋ "ਕੌਣ ਮਦਦ ਕਰ ਸਕਦਾ ਹੈ")
- ਜੇ ਤੁਹਾਨੂੰ ਇਸ ਗੱਲ ਦਾ ਡਰ ਹੈ ਕਿ ਬੱਚਿਆਂ ਦਾ ਪਿਓ ਉਨ੍ਹਾਂ ਨੂੰ ਅਗਵਾ ਕਰ ਕੇ ਲੈ ਜਾਵੇਗਾ ਤਾਂ ਤੁਸੀਂ ਕਚਹਿਰੀ ਕੋਲੋਂ ਕੋਰਟ ਆਰਡਰ ਦੀ ਮੰਗ ਕਰ ਸਕਦੇ ਹੋ ਜਿਹੜਾ ਕਹੇ ਕਿ ਉਹ ਬੱਚਿਆਂ ਨੂੰ ਤੁਹਾਡੀ ਲਿਖਤੀ ਆਗਿਆ ਤੋਂ ਬਿਨ੍ਹਾਂ ਉਸ ਇਲਾਕੇ ਵਿਚੋਂ ਬਾਹਰ ਨਾ ਲੈ ਜਾ ਸਕੇ ਜਿੱਥੇ ਤੁਸੀਂ ਰਹਿੰਦੇ ਹੋ। ਇਸ ਕੰਮ ਵਾਸਤੇ ਤੁਹਾਨੂੰ ਵਕੀਲ ਦੀ ਜ਼ਰੂਰਤ ਹੈ।
- ਜੇ ਤੁਹਾਡੇ ਕੋਲ ਕਾਨੂੰਨੀ ਨਿਗਰਾਨੀ ਦਾ ਹੁਕਮ ਹੈ ਤਾਂ ਦੂਜੇ ਮਾਪੇ ਵਾਸਤੇ ਤੁਹਾਡੇ ਬੱਚੇ ਨੂੰ ਤੁਹਾਡੀ ਆਗਿਆ ਤੋਂ ਬਿਨ੍ਹਾਂ ਲਿਜਾਣਾ ਕਾਨੂੰਨ ਵਿਰੋਧੀ ਹੈ। ਜੇ ਅਜਿਹਾ ਵਾਪਰੇ ਤਾਂ ਉਸੇ ਵੇਲੇ ਪੁਲੀਸ ਨੂੰ ਦੱਸ ਦੇਵੋ ਅਤੇ ਉਨ੍ਹਾਂ ਨੂੰ ਨਿਗਰਾਨੀ ਦਾ ਹੁਕਮਨਾਮਾ ਦਿਖਾਵੋ।
- ਜੇ ਤੁਸੀਂ ਆਪਣੇ ਬੱਚਿਆਂ ਦੀ ਨਿਗਰਾਨੀ ਦਾ ਹੱਕ ਹਾਰ ਜਾਵੋ ਤਾਂ ਤੁਸੀਂ ਬਾਅਦ ਵਿਚ ਫੇਰ ਇਸਦੀ ਅਪੀਲ ਕਰ ਸਕਦੇ ਹੋ। ਇਸ ਸਮੇਂ ਦੌਰਾਨ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਬੱਚਿਆਂ ਦੇ ਜੀਵਨ ਵਿਚ ਰਲੇ ਮਿਲੇ ਰਹੋ।
- ਜੇ ਪਿਓ ਨੇ ਬੱਚਿਆਂ ਨਾਲ ਦੁਰਵਿਹਾਰ ਕੀਤਾ ਹੋਵੇ ਤਾਂ ਸੰਭਵ ਹੈ ਕਿ ਤੁਸੀਂ ਨਾ ਚਾਹੁੰਦੇ ਹੋਵੋ ਕਿ ਉਹ ਤੁਹਾਡੇ ਬੱਚਿਆਂ ਨੂੰ ਮਿਲੇ ਜਾਂ ਤੁਸੀਂ ਉਸਦੀਆਂ ਮਿਲਣੀਆਂ ਦੀ ਹੱਦ ਸਥਾਪਤ ਕਰਨੀ ਚਾਹੁੰਦੇ ਹੋਵੋ। ਤੁਹਾਨੂੰ ਕਚਹਿਰੀ ਦੇ ਹੁਕਮ ਦੀ ਜ਼ਰੂਰਤ ਪਵੇਗੀ ਜਿਹੜਾ ਉਸਦੀ ਬੱਚਿਆਂ ਤੱਕ ਪਹੁੰਚ ਤੇ ਪਾਬੰਦੀ ਲਾਵੇ। ਬੱਚਿਆਂ ਤੱਕ ਪਹੁੰਚ ਤੇ ਹੱਦ ਲਗਾਉਣ ਵਾਸਤੇ ਜੱਜ ਨੂੰ ਇਸ ਗੱਲ ਲਈ ਰਾਜ਼ੀ ਕਰਨਾ ਏਨਾ ਸੁਖਾਲਾ ਨਹੀਂ ਹੁੰਦਾ ਇਸ ਕਰਕੇ ਚੰਗਾ ਹੈ ਕਿ ਤੁਸੀਂ ਵਕੀਲ ਨਾਲ ਗੱਲ ਕਰੋ।
- ਜੇ ਤੁਸੀਂ ਚਾਹੁੰਦੇ ਹੋ ਕਿ ਦੂਜੇ ਮਾਪੇ ਦੀ ਬੱਚਿਆਂ ਨਾਲ ਮਿਲਣੀ (ਵਿਜ਼ਟ) ਕਿਸੇ ਦੀ ਨਿਗਰਾਨੀ ਅਧੀਨ ਹੋਵੇ ਤਾਂ ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਗੱਲਬਾਤ ਕਰੋ ਜੋ ਨਿਗਰਾਨੀ ਕਰਨ ਵਾਸਤੇ ਤਿਆਰ ਹੋਵੇ ਅਤੇ ਕਚਹਿਰੀ ਜਾਣ ਤੋਂ ਪਹਿਲਾਂ ਤੁਸੀਂ ਉਸ ਵਿਅਕਤੀ ਨਾਲ ਗੱਲਬਾਤ ਕਰ ਲਵੋ। ਇਹ ਤੁਹਾਡੀ ਆਪਣੀ ਮਰਜ਼ੀ ਅਨੁਸਾਰ ਕੋਈ ਘਰ ਦਾ ਬੰਦਾ ਜਾਂ ਸਹੇਲੀ ਜਾਂ ਦੋਸਤ ਹੋ ਸਕਦੀ/ਸਕਦਾ ਹੈ। ਵਕੀਲ ਜਾਂ ਟਰਾਂਜ਼ੀਸ਼ਨ ਹਾਊਸ ਦੇ ਕਿਸੇ ਕਰਮਚਾਰੀ ਕੋਲੋਂ ਪਤਾ ਲੈ ਲਵੋ ਕਿ ਨਿਗਰਾਨੀ ਅਧੀਨ ਪਹੁੰਚ ਕਿਸ ਤਰ੍ਹਾਂ ਕੰਮ ਕਰਦੀ ਹੈ।

## ਕਚਹਿਰੀਆਂ ਬੱਚਿਆਂ ਬਾਰੇ ਕੀ ਕਰਨਗੀਆਂ?

- ਜੇ ਤੁਸੀਂ ਤੇ ਤੁਹਾਡਾ ਪਤੀ ਜਾਂ ਸਾਥੀ ਬੱਚਿਆਂ ਬਾਰੇ ਵੱਖਰੇ ਵੱਖਰੇ ਵਿਚਾਰ ਰੱਖਦੇ ਹੋ ਤਾਂ ਜੱਜ ਇਸ ਗੱਲ ਦਾ ਫੈਸਲਾ ਕਰਦਾ ਹੈ ਕਿ ਕਿਸ ਕੋਲ ਨਿਗਰਾਨੀ ਦਾ ਹੱਕ (ਕਸਟੱਡੀ) ਹੈ ਅਤੇ ਕਿਸ ਕੋਲ ਬੱਚਿਆਂ ਤੱਕ ਪਹੁੰਚ ਦਾ ਹੱਕ (ਐਕਸੈੱਸ) ਹੈ। ਜੱਜ ਵਾਸਤੇ ਜ਼ਰੂਰੀ ਹੈ ਕਿ ਉਹ ਹਰ ਮਾਪੇ ਦੀ ਬੱਚੇ ਨੂੰ ਸੰਭਾਲਣ ਵਾਸਤੇ ਜਜ਼ਬਾਤੀ, ਜਿਸਮਾਨੀ, ਅਤੇ ਆਰਥਿਕ ਯੋਗਤਾ ਨੂੰ ਧਿਆਨ ਵਿਚ ਰੱਖੇ। ਜੱਜ ਲਈ ਜ਼ਰੂਰੀ ਹੈ ਕਿ ਉਹ ਬੱਚੇ ਦੇ ਪੱਖੋਂ ਉਸ ਵਾਸਤੇ ਜੋ ਚੰਗਾ ਹੋਵੇ ਉਹ ਫੈਸਲਾ ਕਰੇ।
- ਜੱਜ ਨਿਗਰਾਨੀ (ਕਸਟੱਡੀ), ਪਹੁੰਚ (ਐਕਸੈੱਸ), ਅਤੇ ਸਰਪਰਸਤੀ (ਗਾਰਡੀਅਨਸ਼ਿੱਪ) ਸੰਬੰਧੀ ਵੱਖਰੇ ਵੱਖਰੇ ਪ੍ਰਬੰਧ ਵੀ ਕਰ ਸਕਦਾ/ਸਕਦੀ ਹੈ। ਉਦਾਹਰਣ ਵਜੋਂ, ਜੱਜ ਇਹ ਕਹਿ ਸਕਦਾ/ਸਕਦੀ ਹੈ ਕਿ ਤੁਹਾਨੂੰ ਨਿਗਰਾਨੀ ਦਾ ਪੂਰਾ ਹੱਕ ਹੈ ਜਿਸਦਾ ਮਤਲਬ ਹੈ ਕਿ ਬੱਚਾ ਸਿਰਫ ਤੁਹਾਡੇ ਨਾਲ ਹੀ ਰਹੇਗਾ। ਦੂਜੇ ਮਾਪੇ ਨੂੰ ਬੱਚੇ ਤੱਕ ਪਹੁੰਚ ਦਾ ਹੱਕ ਹੋ ਸਕਦਾ ਹੈ। ਜਾਂ ਜੱਜ ਤੁਹਾਡੀ ਦੋਵਾਂ ਦੀ ਸਾਂਝੀ ਨਿਗਰਾਨੀ ਦਾ ਵੀ

ਫੈਸਲਾ ਕਰ ਸਕਦਾ ਹੈ ਜਿਸਦਾ ਮਤਲਬ ਹੈ ਕਿ ਬੱਚੇ ਦੀ ਜ਼ਿੰਮੇਵਾਰੀ ਤੁਹਾਡੇ ਅਤੇ ਦੂਜੇ ਮਾਪੇ ਦਰਮਿਆਨ ਸਾਂਝੀ ਹੋਵੇਗੀ।

■ ਜੱਜ ਇਕ ਮਾਪੇ ਦੀ ਬੱਚੇ ਤੱਕ ਪਹੁੰਚ ਉੱਪਰ ਹੱਦ ਰੱਖ ਸਕਦਾ ਹੈ ਜਿਹੜਾ ਕਿ ਆਮ ਹੁੰਦਾ ਨਹੀਂ। ਉਦਾਹਰਣ ਵਜੋਂ ਜੱਜ ਕਹਿ ਸਕਦਾ ਹੈ ਕਿ ਪਿਓ ਬੱਚੇ ਨੂੰ ਸਿਰਫ ਪਹਿਲਾਂ ਤਹਿ (ਸੈੱਟ) ਕੀਤੇ ਹੋਏ ਘੰਟਿਆਂ ਵਾਸਤੇ ਹੀ (ਇਸਨੂੰ ਸਪੈਸੀਫਾਈਡ ਐਕਸੈੱਸ ਕਹਿੰਦੇ ਹਨ) ਦੇਖ ਸਕਦਾ ਹੈ, ਜਾਂ ਜਦੋਂ ਹੋਰ ਕੋਈ ਉੱਥੇ ਹੋਵੇ (ਇਸਨੂੰ ਸੁਪਰਵਾਈਜ਼ਡ ਐਕਸੈੱਸ ਕਹਿੰਦੇ ਹਨ)। ਕਈ ਜ਼ਿਆਦਾ ਗੰਭੀਰ ਹਾਲਤਾਂ ਵਿਚ ਜੱਜ ਇਕ ਮਾਪੇ ਦਾ ਪਹੁੰਚ ਹੱਕ ਦੇਣ ਤੋਂ ਮੁਨਕਰ ਵੀ ਹੋ ਸਕਦਾ ਹੈ।

## ਕੌਣ ਮਦਦ ਕਰ ਸਕਦਾ ਹੈ

■ ਜੇ ਤੁਸੀਂ ਅਸੁਰੱਖਿਅਤ ਮਹਿਸੂਸ ਕਰ ਰਹੇ ਹੋ ਜਾਂ ਤੁਹਾਨੂੰ ਕੋਈ ਫੌਰੀ ਖਤਰਾ ਹੈ ਤਾਂ 911 ਤੇ ਫੋਨ ਕਰੋ ਜਾਂ ਪੁਲੀਸ ਜਾਂ ਆਰ ਸੀ ਐਮ ਪੀ ਦੇ ਐਮਰਜੈਂਸੀ ਨੰਬਰਾਂ ਤੇ ਫੋਨ ਕਰੋ। ਇਹ ਨੰਬਰ ਤੁਹਾਡੀ ਫੋਨ ਕਿਤਾਬ ਦੇ ਪਹਿਲੇ ਵਰਕੇ ਦੇ ਅੰਦਰਲੇ ਪਾਸੇ ਦਿੱਤੇ ਹੁੰਦੇ ਹਨ। ਜੇ ਤੁਸੀਂ ਅੰਗ੍ਰੇਜ਼ੀ ਨਾ ਬੋਲਦੇ ਹੋਵੋ ਤਾਂ ਤੁਸੀਂ 911 ਫੋਨ ਵਾਲਿਆਂ ਤੋਂ ਦੁਭਾਸ਼ੀਏ ਦੀ ਮੰਗ ਕਰ ਸਕਦੇ ਹੋ। ਜਦੋਂ ਤੁਸੀਂ ਫੋਨ ਕਰੋ ਤਾਂ ਕਹੋ ਕਿ "ਪੁਲੀਸ" ("Police") ਅਤੇ ਨਾਲ ਹੀ ਕਹੋ "ਪੰਜਾਬੀ" ("Punjabi")। ਜਾਂ 0 ਘੁਮਾ ਕੇ ਕਹੋ "ਕਰਾਈਸਸ" ("crisis")।

■ ਜਿੰਨੀ ਵੀ ਛੇਤੀ ਸੰਭਵ ਹੋ ਸਕੇ ਕਿਸੇ ਪਰਵਾਰਿਕ ਮਸਲਿਆਂ ਦੇ ਮਾਹਰ ਵਕੀਲ ਨਾਲ ਗੱਲਬਾਤ ਕਰੋ। ਜੇ ਤੁਸੀਂ ਵਕੀਲ ਦੇ ਪੈਸੇ ਦੇਣ ਯੋਗ ਨਹੀਂ ਤਾਂ ਲੀਗਲ ਏਡ (Legal aid) ਵਾਲਿਆਂ ਨੂੰ ਫੋਨ ਕਰੋ। ਉਹ ਤੁਹਾਨੂੰ ਕਾਨੂੰਨੀ ਜਾਣਕਾਰੀ ਦੇ ਸਕਦੇ ਹਨ ਅਤੇ ਤੁਹਾਡੀ ਸਹਾਇਤਾ ਵਾਸਤੇ ਕਿਸੇ ਵਕੀਲ ਨੂੰ ਵੀ ਪੈਸੇ ਦੇ ਸਕਦੇ ਹਨ। ਲੀਗਲ ਏਡ ਵਾਲਿਆਂ ਨੂੰ ਆਪਣੀ ਗੰਭੀਰ ਸਥਿਤੀ ਬਾਰੇ ਦੱਸਣਾ ਨਾ ਭੁੱਲੋ ਅਤੇ ਨਾਲ ਹੀ ਇਹ ਵੀ ਦੱਸ ਦੇਵੋ ਕਿ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ ਜਾਂ ਨਹੀਂ। ਲੀਗਲ ਏਡ ਦਾ ਫੋਨ ਭਾਲਣ ਵਾਸਤੇ ਆਪਣੀ ਫੋਨ ਕਿਤਾਬ ਦੇ ਚਿੱਟੇ ਪੰਨਿਆਂ ਵਿਚੋਂ "ਲੀਗਲ ਏਡ – ਲੀਗਲ ਸਰਵਿਸਜ਼ ਸੁਸਾਇਟੀ (Legal aid — Legal Services Society)" ਥੱਲੇ ਜਾਂ ਪੀਲੇ ਪੰਨਿਆਂ ਵਿਚੋਂ "ਲਾਇਅਰਜ਼ (ਵਕੀਲ) – ਲੀਗਲ ਸਰਵਿਸਜ਼ ਸੁਸਾਇਟੀ (Lawyers — Legal Services Society)" ਥੱਲੇ ਦੇਖੋ। ਵੈਨਕੂਵਰ ਵਿਚ 601-6300 'ਤੇ ਫੋਨ ਕਰੋ। ਉਹ ਤੁਹਾਨੂੰ ਲੀਗਲ ਏਡ ਸੰਬੰਧੀ ਜਾਣਕਾਰੀ ਵਾਸਤੇ ਪੰਜਾਬੀ ਰੀਕਾਰਡਿੰਗ ਦਾ ਪਤਾ ਦੇ ਸਕਦੇ ਹਨ ਜਾਂ ਉਸ ਨਾਲ ਮਿਲਾ ਸਕਦੇ ਹਨ।

■ ਜੇ ਤੁਸੀਂ ਵਕੀਲ ਦੇ ਪੈਸੇ ਦੇ ਸਕਦੇ ਹੋ ਤਾਂ ਸਥਾਨਕ ਔਰਤਾਂ ਦੇ ਕੇਂਦਰ, ਟਰਾਂਜ਼ੀਸ਼ਨ ਹਾਊਸ, ਜਾਂ ਸੇਫ ਹਾਊਸ ਪ੍ਰੋਗਰਾਮ ਕੋਲੋਂ ਕਿਸੇ ਅਜਿਹੇ ਵਕੀਲ ਬਾਰੇ ਪੁੱਛ ਗਿੱਛ ਕਰੋ ਜੋ ਪਰਵਾਰਿਕ ਕਾਨੂੰਨਾਂ ਬਾਰੇ ਜਾਣਦਾ ਹੋਵੇ।

■ ਲਾਇਰ ਰੈਫਰਲ ਸਰਵਿਸ (Lawyer Referral Service) (ਸਿਰਫ ਅੰਗ੍ਰੇਜ਼ੀ) ਵਾਲੇ ਵੀ ਤੁਹਾਨੂੰ ਕਿਸੇ ਪਰਵਾਰਿਕ ਮਸਲਿਆਂ ਦੇ ਮਾਹਰ ਵਕੀਲ ਦਾ ਪਤਾ ਦੇ ਸਕਦੇ ਹਨ ਅਤੇ ਕਈ ਵਾਰੀ ਕਿਸੇ ਅਜਿਹੇ ਵਕੀਲ ਦਾ ਵੀ ਸੁਝਾਅ ਦੇ ਸਕਦੇ ਹਨ ਜੋ ਪੰਜਾਬੀ ਬੋਲਦਾ ਹੋਵੇ। ਤੁਸੀਂ ਦਸ ਡਾਲਰ ਦੇ ਕੇ ਕਿਸੇ ਵੀ ਵਕੀਲ ਨਾਲ ਅੱਧੇ ਘੰਟੇ ਦੀ ਮੁਲਾਕਾਤ ਲੈ ਸਕਦੇ ਹੋ। ਵੈਨਕੂਵਰ ਵਿਚ ਤੁਸੀਂ 687-3221 'ਤੇ ਫੋਨ ਕਰ ਸਕਦੇ ਹੋ ਅਤੇ ਬਾਕੀ ਬੀ ਸੀ ਵਿਚੋਂ 1-800-663-1919 (ਟੌਲ ਫਰੀ) 'ਤੇ ਫੋਨ ਕਰ ਸਕਦੇ ਹੋ।

■ ਹੋਰ ਜਾਣਕਾਰੀ ਅਤੇ ਸਹਾਇਤਾ ਵਾਸਤੇ ਸਥਾਨਕ ਔਰਤਾਂ ਦੇ ਕੇਂਦਰ, ਟਰਾਂਜ਼ੀਸ਼ਨ ਹਾਊਸ, ਜਾਂ ਇਮੀਗਰੈਂਟ ਸਰਵਿਸਜ਼ ਜਥੇਬੰਦੀ ਨਾਲ ਸੰਪਰਕ ਕਰੋ। ਤੁਸੀਂ ਬੀ ਸੀ ਦੇ ਕਿਸੇ ਵੀ ਹਿੱਸੇ ਵਿਚੋਂ ਜ਼ੁਲਮ ਦਾ ਨਿਸ਼ਾਨਾ ਬਣਿਆਂ ਵਾਸਤੇ ਜਾਣਕਾਰੀ ਲਾਈਨ (ਵਿਕਟਿਮ ਇਨਫਾਰਮੇਸ਼ਨ ਲਾਈਨ) (Victims Information Line) ਨੂੰ 1-800-563-0808 (ਮੁਫਤ ਫੋਨ) 'ਤੇ ਫੋਨ ਕਰ ਸਕਦੇ ਹੋ। ਇਸ ਲਾਈਨ ਉੱਪਰ ਜਾਣਕਾਰੀ ਸਿਰਫ ਅੰਗ੍ਰੇਜ਼ੀ ਵਿਚ ਹੀ ਮਿਲਦੀ ਹੈ। ਇਹ ਤੁਹਾਨੂੰ ਤੁਹਾਡੇ ਨੇੜੇ ਦੇ ਗਰੁੱਪਾਂ ਜਾਂ ਸੇਵਾਵਾਂ ਦੇ ਨੰਬਰ ਦੇ ਸਕਦੇ ਹਨ।

## ਜਦੋਂ ਤੁਸੀਂ ਆਪਣੇ ਵਕੀਲ ਜਾਂ ਲੀਗਲ ਏਡ ਨਾਲ ਗੱਲਬਾਤ ਕਰੋ

ਆਪਣੇ ਵਕੀਲ ਜਾਂ ਲੀਗਲ ਏਡ ਨੂੰ ਹੇਠ ਲਿਖੀਆਂ ਗੱਲਾਂ ਦੱਸੋ:

■ ਉਸ ਸਮੇਂ ਬਾਰੇ ਜਦੋਂ ਤੁਹਾਡੇ ਸਾਥੀ ਨੇ ਤੁਹਾਡੇ ਨਾਲ ਜਾਂ ਤੁਹਾਡੇ ਬੱਚਿਆਂ ਨਾਲ ਜਿਸਮਾਨੀ ਜਾਂ ਜਜ਼ਬਾਤੀ ਤੌਰ ਤੇ ਦੁਰਵਿਹਾਰ ਕੀਤਾ ਹੋਵੇ।

■ ਜੇ ਤੁਸੀਂ ਜਾਂ ਤੁਹਾਡੇ ਬੱਚੇ ਤੁਹਾਡੇ ਸਾਥੀ ਵਲੋਂ ਖਤਰੇ ਵਿਚ ਹਨ।

■ ਜੇ ਤੁਸੀਂ ਆਪਣੇ ਬੱਚਿਆਂ ਦੀ ਨਿਗਰਾਨੀ ਦਾ ਹੱਕ (ਕਸਟੱਡੀ) ਚਾਹੁੰਦੇ ਹੋ।

■ ਤੁਹਾਡੇ ਬੱਚਿਆਂ ਦਾ ਤੁਹਾਡੇ ਸਾਥੀ ਵਲੋਂ ਤੁਹਾਡੇ ਨਾਲ ਜਾਂ ਤੁਹਾਡੇ ਬੱਚਿਆਂ ਨਾਲ ਕੀਤੇ ਦੁਰਵਿਹਾਰ ਪ੍ਰਤਿ ਕੀ ਰਵੱਈਆ ਸੀ।

ਇਹ ਪ੍ਰਕਾਸ਼ਨਾ ਕਾਨੂੰਨ ਬਾਰੇ ਆਮ ਗੱਲਾਂ ਦੀ ਵਿਆਖਿਆ ਕਰਨ ਲਈ ਹੈ। ਇਸਦਾ ਮਕਸਦ ਤੁਹਾਨੂੰ ਤੁਹਾਡੀ ਸਮੱਸਿਆ ਬਾਰੇ ਕਾਨੂੰਨੀ ਸਲਾਹ ਮਸ਼ਵਰਾ ਦੇਣ ਦਾ ਨਹੀਂ।
ਇਹ ਬਰੋਸ਼ਰ ਪਬਲਿਕ ਲੀਗਲ ਐਜੂਕੇਸ਼ਨ ਪ੍ਰੋਗਰਾਮ (Public Legal Education Program), ਲੀਗਲ ਸਰਵਿਸਜ਼ ਸੁਸਾਇਟੀ (Legal Services Society), ਬੀ ਸੀ ਵਲੋਂ ਤਿਆਰ ਕੀਤਾ ਗਿਆ ਹੈ।
ਇਸ ਸੀਰੀਜ਼ ਵਿਚ ਦੂਜੀਆਂ ਫੈਕਟ ਸ਼ੀਟਾਂ ਇਹ ਹਨ:
1. ਜੇ ਤੁਸੀਂ ਅਜਿਹੀ ਔਰਤ ਹੋ ਜਿਸਨੂੰ ਉਸਦੇ ਪਤੀ ਨੇ ਸਪਾਂਸਰ ਕੀਤਾ ਹੋਵੇ · 2. ਕਾਨੂੰਨੀ ਕਾਰਵਾਈ ਕਰਨੀ (ਟੇਕਿੰਗ ਲੀਗਲ ਐਕਸ਼ਨ)
4. ਤੁਹਾਡੇ ਬਚਾਅ ਵਾਸਤੇ ਕਚਹਿਰੀਆਂ ਦੇ ਹੁਕਮਨਾਮੇ (ਕੋਰਟ ਆਰਡਰ)
ਮਾਰਚ 1998 March